# ਜਮਾਤ - ਦਸਵੀਂ
# ਮਿਸ਼ਨ ਸ਼ਤ-ਪ੍ਰਤੀਸ਼ਤ ਦੀ ਤਿਆਰੀ ਲਈ ਪ੍ਰਸ਼ਨ-ਬੈਂਕ
# ਸਿਲੇਬਸ - ਜਨਵਰੀ, 2020

## ਬਹੁ ਚੋਣਵੇਂ ਪ੍ਰਸ਼ਨ -

1. ਸ਼ਬਦ ਦੇ ਕਿੰਨੇ ਭੇਦ ਹੁੰਦੇ ਹਨ?
   (ੳ) ਦੋ (ਅ) ਚਾਰ (ੲ) ਛੇ (ਸ) ਅੱਠ
2. ਨਾਂਵ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?
   (ੳ) ਦੋ (ਅ) ਚਾਰ (ੲ) ਪੰਜ (ਸ) ਛੇ
3. ਉੱਤਮ ਪੁਰਖ ਚੁਣੋ -
   (ੳ) ਮੈਂ (ਅ) ਉਹ (ੲ) ਤੂੰ (ਸ) ਤੇਰਾ
4. ਇਕੱਠ ਵਾਚਕ ਨਾਂਵ ਕਿਹੜਾ ਸ਼ਬਦ ਹੈ?
   (ੳ) ਹਵਾ (ਅ) ਮੁੰਡਾ (ੲ) ਪਾਣੀ (ਸ) ਸਭਾ
5. ਵਿਸ਼ੇਸ਼ਣ ਸ਼ਬਦ ਚੁਣੋ -
   (ੳ) ਕਾਲ਼ਾ (ਅ) ਗੋਰਾ (ੲ) ਪੰਜ (ਸ) ਉਪਰੋਕਤ ਸਾਰੇ
6. ਸੰਬੰਧਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?
   (ੳ) ਦੋ (ਅ) ਤਿੰਨ (ੲ) ਚਾਰ (ਸ) ਛੇ
7. ਕਿਰਿਆ ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?
   (ੳ) ਦੋ (ਅ) ਚਾਰ (ੲ) ਪੰਜ (ਸ) ਅੱਠ
8. ਯੋਜਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?
   (ੳ) ਦੋ (ਅ) ਚਾਰ (ੲ) ਛੇ (ਸ) ਅੱਠ
9. ਵਿਸਮਿਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?
   (ੳ) ਦੋ (ਅ) ਤਿੰਨ (ੲ) ਛੇ (ਸ) ਨੌਂ
10. ਕਿਰਿਆ-ਵਿਸ਼ੇਸ਼ਣ ਸ਼ਬਦ ਚੁਣੋ -
    (ੳ) ਕਾਲ਼ਾ (ਅ) ਉੱਚੀ (ੲ) ਦਾ (ਸ) ਕਿਉਂਕਿ
11. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਹੋਇਆ?
    (ੳ) 1966 (ਅ) 1699 (ੲ) 1708 (ਸ) 1666
12. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਿੱਥੇ ਹੋਇਆ?
    (ੳ) ਪਟਨਾ ਸਾਹਿਬ ਵਿਖੇ (ਅ) ਅਨੰਦਪੁਰ ਸਾਹਿਬ ਵਿਖੇ
    (ੲ) ਕਰਤਾਰਪੁਰ ਵਿਖੇ (ਸ) ਅੰਮ੍ਰਿਤਸਰ ਵਿਖੇ
13. ਨਸ਼ਿਆਂ ਨਾਲ਼ ਪੀੜਤ ਵਿਅਕਤੀ ਵਿੱਚ ਕਿਹੜੀ ਸਰੀਰਕ ਸਮੱਸਿਆ ਪੈਦਾ ਹੋ ਜਾਂਦੀ ਹੈ?
    (ੳ) ਸਰੀਰ ਕਮਜ਼ੋਰ ਹੋਣਾ (ਅ) ਭੁੱਖ ਘੱਟ ਲੱਗਣੀ
    (ੲ) ਫੇਫੜਿਆਂ 'ਤੇ ਅਸਰ ਹੋਣਾ (ਸ) ਉਪਰੋਕਤ ਸਾਰੀਆਂ
14. 'ਸ਼' ਅੱਖਰ ਨਾਲ਼ ਕਿਹੜਾ ਸ਼ਬਦ ਬਣਦਾ ਹੈ, ਜਿਸ ਨਾਲ਼ ਸਿਹਤ ਤੇ ਘਰ ਦੀ ਆਰਥਿਕਤਾ ਵਿਗੜ ਜਾਂਦੀ ਹੈ?
    (ੳ) ਸ਼ਿਕਾਇਤ (ਅ) ਸ਼ਰਬਤ
    (ੲ) ਸ਼ਰਾਰਤ (ਸ) ਸ਼ਰਾਬ
15. ਚਿੱਠੀ-ਪੱਤਰ ਦੇ ਕਿੰਨੇ ਭਾਗ ਹੁੰਦੇ ਹਨ?
    (ੳ) ਦੋ (ਅ) ਤਿੰਨ (ੲ) ਚਾਰ (ਸ) ਪੰਜ
16. ਟੀ.ਵੀ. 'ਤੇ ਵਿਦਿਆਰਥੀਆਂ ਲਈ ਪ੍ਰਸਾਰਿਤ ਹੁੰਦੇ ਪ੍ਰੋਗਰਾਮਾਂ ਨੂੰ ਚੰਗੇਰਾ ਬਣਾਉਣ ਲਈ ਕਿਸ ਨੂੰ ਬਿਨੈ-ਪੱਤਰ ਲਿਖੋਗੇ?
    (ੳ) ਡਾਇਰੈਕਟਰ ਦੂਰਦਰਸ਼ਨ ਕੇਂਦਰ (ਅ) ਡਿਪਟੀ ਕਮਿਸ਼ਨਰ ਨੂੰ

(ੲ) ਨਗਰ ਪਾਲਿਕਾ ਦੇ ਪ੍ਰਧਾਨ ਨੂੰ (ਸ) ਥਾਣਾ ਮੁਖੀ ਨੂੰ

17. ਮੈਰਿਜ-ਪੈਲਸਾਂ ਵਿੱਚ ਉੱਚੀ ਅਵਾਜ਼ ਵਿੱਚ ਵੱਜਦੇ ਸਪੀਕਰਾਂ ਦੀ ਸ਼ਿਕਾਇਤ ਲਈ ਕਿਸ ਨੂੰ ਬਿਨੈ-ਪੱਤਰ ਲਿਖੋਗੇ ?
    (ੳ) ਡਾਇਰੈਕਟਰ ਦੂਰਦਰਸ਼ਨ ਕੇਂਦਰ (ਅ) ਡਿਪਟੀ ਕਮਿਸ਼ਨਰ ਨੂੰ
    (ੲ) ਨਗਰ ਪਾਲਿਕਾ ਦੇ ਪ੍ਰਧਾਨ ਨੂੰ (ਸ) ਥਾਣਾ ਮੁਖੀ ਨੂੰ
18. ਸੰਚਾਰ ਦੇ ਅਰਥ ਹਨ -
    (ੳ) ਵਿਚਾਰਾਂ ਦਾ ਅਦਾਨ-ਪ੍ਰਦਾਨ (ਅ) ਵਿਚਾਰਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਭੇਜਣਾ
    (ੲ) ਲਿਖਤੀ ਜਾਂ ਜੁਬਾਨੀ ਵਿਚਾਰ ਦੂਜਿਆਂ ਤੱਕ ਪਹੁੰਚਾਉਣਾ (ਸ) ਉਪਰੋਕਤ ਸਾਰੇ
19. ਅਜੋਕੇ ਸਮੇਂ ਸੰਚਾਰ ਦੇ ਮੁੱਖ ਸਾਧਨ ਹਨ -
    (ੳ) ਮੋਬਾਈਲ (ਅ) ਸਮਾਰਟ ਫ਼ੋਨ
    (ੲ) ਲੈਪਟਾਪ (ਸ) ਉਪਰੋਕਤ ਸਾਰੇ
20. ਅਖ਼ਬਾਰ ਦਾ ਲਾਭ ਹੈ -
    (ੳ) ਮਨੋਰੰਜਨ ਦਾ ਸਾਧਨ (ਅ) ਗਿਆਨ ਦਾ ਸੋਮਾ
    (ੲ) ਰੁਜ਼ਗਾਰ ਦਾ ਸਾਧਨ (ਸ) ਉਪਰੋਕਤ ਸਾਰੇ

ਉੱਤਰ-ਕੁੰਜੀ : 1. (ਸ) 2. (ੲ) 3. (ੳ) 4. (ਸ) 5. (ਸ) 6. (ਅ)
7. (ਸ) 8. (ੳ) 9. (ਸ) 10. (ਅ) 11. (ਸ) 12. (ੳ)
13. (ਸ) 14. (ਸ) 15. (ਅ) 16. (ੳ) 17. (ਅ) 18. (ਸ)
19. (ਸ) 20. (ਸ)

## ਖ਼ਾਲੀ ਥਾਵਾਂ ਭਰੋ -

1. ਸ਼ਬਦ ਬੋਧ ਵਿੱਚ .................. ਦਾ ਅਧਿਐਨ ਹੁੰਦਾ ਹੈ।
2. ਨਾਂਵ ਦੀ ਥਾਂ ਵਰਤੇ ਜਾਣ ਵਾਲ਼ੇ ਸ਼ਬਦਾਂ ਨੂੰ .................. ਕਹਿੰਦੇ ਹਨ।
3. ਪੁਰਖ ਵਾਚਕ ਪੜਨਾਂਵ ............... ਕਿਸਮ ਦੇ ਹੁੰਦੇ ਹਨ।
4. ਵਾਕ ਵਿੱਚ ਜਿਸ ਮਨੁੱਖ ਬਾਰੇ ਗੱਲ ਕੀਤੀ ਜਾਂਦੀ ਹੈ, ਉਹ .......... ਪੁਰਖ ਹੁੰਦਾ ਹੈ।
5. ਜਿਸ ਕਿਰਿਆ ਦਾ ਕਰਤਾ ਅਤੇ ਕਰਮ ਦੋਵੇਂ ਹੋਣ, ਉਹ .......... ਕਿਰਿਆ ਹੁੰਦੀ ਹੈ।
6. ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲ਼ੇ ਸ਼ਬਦਾਂ ਨੂੰ .................. ਕਹਿੰਦੇ ਹਨ।
7. ਕਿਰਿਆ ਦੇ ਵਾਪਰਨ ਦਾ ਸਥਾਨ ਦੱਸਣ ਵਾਲ਼ੇ ਸ਼ਬਦ ......... ਕਿਰਿਆ-ਵਿਸ਼ੇਸ਼ਣ ਹੁੰਦੇ ਹਨ।
8. ਖ਼ੁਸ਼ੀ/ਪ੍ਰਸੰਸਾ ਦੇ ਭਾਵ ਪ੍ਰਗਟ ਕਰਨ ਵਾਲ਼ੇ ਵਿਸਮਿਕ ......... ਕਿਸਮ ਦੇ ਵਿਸਮਿਕ ਹੁੰਦੇ ਹਨ।
9. ਦੋ ਸੁਤੰਤਰ ਅਤੇ ਸਮਾਨ ਵਾਕਾਂ ਨੂੰ ਜੋੜ ਕੇ ਸੁਤੰਤਰ ਵਾਕ ਬਣਾਉਣ ਵਾਲ਼ੇ ਯੋਜਕ .......... ਯੋਜਕ ਹੁੰਦੇ ਹਨ।
10. ਹੈਰਾਨੀ ਦੇ ਭਾਵ ਪ੍ਰਗਟ ਕਰਨ ਵਾਲ਼ੇ ਵਿਸਮਿਕ ......... ਕਿਸਮ ਦੇ ਵਿਸਮਿਕ ਹੁੰਦੇ ਹਨ।
11. ਸ੍ਰੀ ਗੁਰੂ ਗੋਬਿੰਦ ਸਿੰਘ ਜੀ ............ ਵਿਖੇ ਜੋਤੀ ਜੋਤ ਸਮਾਏ।
12. ਨਸ਼ੇ ਕਰਨ ਵਾਲ਼ੇ ਵਿਦਿਆਰਥੀਆਂ ਦੀ ਦਿਮਾਗੀ ਸ਼ਕਤੀ .......... ਜਾਂਦੀ ਹੈ।
13. ਅਜ਼ਾਦ ਭਾਰਤ ਦਾ ਸੰਵਿਧਾਨ .......... ਨੂੰ ਲਾਗੂ ਹੋਇਆ।
14. ਰਸਮੀ-ਪੱਤਰਾਂ ਵਿੱਚ ਸੰਬੋਧਨ ਕਰਨ ਸਮੇਂ ......... ਪਾਸੇ ਸ਼੍ਰੀ ਮਾਨ/ਸ਼੍ਰੀਮਤੀ ਲਿਖਣਾ ਹੁੰਦਾ ਹੈ।
15. ਘਰ ਵਿੱਚ ਬੈਠੇ ਪੜ੍ਹ ਰਹੇ ਵਿਦਿਆਰਥੀ ਅਤੇ ਅਰਾਮ ਕਰ ਰਹੇ ਬਿਮਾਰ, ਲਾਊਡ-ਸਪੀਕਰਾਂ ਦੀ ਬੇਲੋੜੀ ਅਵਾਜ਼ ਤੋਂ ............ ਹੁੰਦੇ ਹਨ।
16. ਪੁਰਾਣੇ ਸਮੇਂ ਵਿੱਚ ......... ਭੇਜਣ ਲਈ ਸੰਦੇਸ਼ ਵਾਹਕ ਭੇਜਣੇ ਪੈਂਦੇ ਸਨ।
17. ਸੰਚਾਰ ਦੇ ਪੁਰਾਣੇ ਸਾਧਨਾਂ ਦੁਆਰਾ ਸਮਾਂ ......... ਲੱਗਦਾ ਸੀ।
18. ਨਸ਼ੇ ਮਨੁੱਖ ਦੁਆਰਾ ਆਪ ਸਹੇੜੀ ਹੋਈ ......... ਹੈ।
19. ਨੌਜਵਾਨਾਂ ਵਿੱਚ ਵਧ ਰਹੀ ਨਸ਼ਾਖੋਰੀ ਦਾ ਇੱਕ ਮੁਢਲਾ ਕਾਰਨ .......... ਹੈ।

20. ਨੌਕਰੀਸ਼ੁਦਾ ਮਾਪਿਆਂ ਦੇ ਬੱਚੇ .......... ਦਾ ਸ਼ਿਕਾਰ ਹੋ ਜਾਂਦੇ ਹਨ।

**ਉੱਤਰ-ਕੁੰਜੀ :** 1. ਸ਼ਬਦਾਂ 2. ਪੜਨਾਂਵ 3. ਤਿੰਨ 4. ਅਨਯ/ਤੀਜਾ 5. ਸ਼ਕਰਮਕ
6. ਕਿਰਿਆ ਵਿਸ਼ੇਸ਼ਣ 7. ਸਥਾਨਵਾਚਕ 8. ਪ੍ਰਸੰਸਾਵਾਚਕ 9. ਸਮਾਨ 10. ਹੈਰਾਨੀਵਾਚਕ
11. ਨਾਂਦੇੜ 12. ਘੱਟ 13. 26 ਜਨਵਰੀ 14. ਖੱਬੇ 15. ਪਰੇਸ਼ਾਨ
16. ਸੁਨੇਹਾ 17. ਵਧੇਰੇ 18. ਮੌਤ 19. ਬੇਰੁਜ਼ਗਾਰੀ 20. ਇਕੱਲੇਪਨ

## ਸਹੀ ਮਿਲਾਣ ਕਰੋ –

| | | | |
|---|---|---|---|
| 1. | ਨਾਂਵ | (ੳ) | ਹੁਸ਼ਿਆਰ |
| 2. | ਪੜਨਾਂਵ | (ਅ) | ਪੜ੍ਹਨਾ |
| 3. | ਕਿਰਿਆ | (ੲ) | ਗੁਰਦਾਸਪੁਰ |
| 4. | ਵਿਸ਼ੇਸ਼ਣ | (ਸ) | ਤੇਜ਼ |
| 5. | ਕਿਰਿਆ ਵਿਸ਼ੇਸ਼ਣ | (ਹ) | ਉਹ |
| 6. | ਸੰਬੰਧਕ | (ਕ) | ਤਾਂ ਜੋ |
| 7. | ਯੋਜਕ | (ਖ) | ਵਾਹ |
| 8. | ਵਿਸਮਿਕ | (ਗ) | ਦਾ |
| 9. | ਜ਼ਫ਼ਰਨਾਮਾ | (ਘ) | ਸੰਪਾਦਕ |
| 10. | ਦੂਰਦਰਸ਼ਨ | (ਙ) | ਸ੍ਰੀ ਗੁਰੂ ਗੋਬਿੰਦ ਸਿੰਘ ਜੀ |
| 11. | ਅਖ਼ਬਾਰ | (ਚ) | ਫ਼ਤਿਹ ਦਾ ਖ਼ਤ |
| 12. | ਸਰਬੰਸਦਾਨੀ | (ਛ) | ਧਨ ਦੀ ਬਰਬਾਦੀ |
| 13. | ਨਸ਼ੇ | (ਜ) | ਡਾਇਰੈਕਟਰ |
| 14. | ਸੰਵਿਧਾਨ | (ਝ) | ਮੋਬਾਈਲ |
| 15. | ਸੰਚਾਰ | (ਞ) | 26 ਜਨਵਰੀ |

**ਉੱਤਰ-ਕੁੰਜੀ :** 1. (ੲ) 2. (ਹ) 3. (ਅ) 4. (ੳ) 5. (ਸ)
6. (ਗ) 7. (ਕ) 8. (ਖ) 9. (ਚ) 10. (ਜ)
11. (ਘ) 12. (ਙ) 13. (ਛ) 14. (ਞ) 15. (ਝ)

## ਸਹੀ/ਗ਼ਲਤ ਚੁਣੋ –

(i) ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹੁੰਦੇ ਹਨ।
(ii) ਸਾਰਥਕ ਸ਼ਬਦਾਂ ਦੇ ਪੰਜ ਭੇਦ ਹੁੰਦੇ ਹਨ।
(iii) ਚਿੱਟਾ/ਕਾਲ਼ਾ/ਲਾਲ/ਪੀਲਾ ਗੁਣ ਵਾਚਕ ਵਿਸ਼ੇਸ਼ਣ ਹਨ
(iv) ਕੀ/ਕਿਹੜਾ/ਕੌਣ/ ਪੁਰਖ ਵਾਚਕ ਪੜਨਾਂਵ ਹਨ।
(v) ਦੁੱਖ ਤੇ ਮਿਠਾਸ ਭਾਵ ਵਾਚਕ ਨਾਂਵ ਹਨ।
(vi) ਕਿਰਿਆ-ਵਿਸ਼ੇਸ਼ਣ ਨੌਂ ਪ੍ਰਕਾਰ ਦੇ ਹੁੰਦੇ ਹਨ।
(vii) ਸਾਰਥਕ ਸ਼ਬਦਾਂ ਦੇ ਸੱਤ ਭੇਦ ਹੁੰਦੇ ਹਨ।
(viii) 'ਸੱਜੇ/ਖੱਬੇ/ਇੱਥੇ/ਉੱਥੇ' ਸਥਾਨਵਾਚਕ ਕਿਰਿਆ-ਵਿਸ਼ੇਸ਼ਣ ਹਨ।
(ix) 'ਦਾ/ਦੇ/ਦੀ' ਸ਼ਬਦ ਯੋਜਕ ਹਨ।
(x) 'ਖ਼ੁਸ਼ ਰਹੋ/ਵਧੋ ਫੁੱਲੋ/ਜਿਉਂਦੇ ਵੱਸਦੇ ਰਹੋ' ਸ਼ਬਦ ਅਸੀਸਵਾਚਕ ਵਿਸਮਿਕ ਹਨ।
(xi) ਮਾਤਾ ਗੁਜਰੀ ਜੀ ਨੇ ਸਰਹਿੰਦ ਦੇ ਕਿਲ੍ਹੇ ਵਿੱਚ ਪ੍ਰਾਣ ਤਿਆਗ ਦਿੱਤੇ।
(xii) ਨਸ਼ੇ ਕਰਨ ਨਾਲ਼ ਮਨੁੱਖ ਸਰੀਰਕ ਤੌਰ 'ਤੇ ਬਲਵਾਨ ਹੁੰਦਾ ਹੈ।

(xiii) ਟੀ. ਵੀ. ਉੱਤੇ ਦਿਖਾਏ ਜਾਣ ਵਾਲ਼ੇ ਗੁੰਡਾਗਰਦੀ ਦੇ ਦ੍ਰਿਸ਼ ਨੌਜਵਾਨ ਪੀੜ੍ਹੀ ਨੂੰ ਗੁੰਮਰਾਹ ਕਰਦੇ ਹਨ।
(xiv) ਪ੍ਰਾਰਥਨਾ-ਪੱਤਰ ਕਿਸੇ ਮਿੱਤਰ/ਸਹੇਲੀ ਨੂੰ ਲਿਖਿਆ ਜਾਂਦਾ ਹੈ।
(xv) ਸੰਖੇਪ ਰਚਨਾ ਦਿੱਤੇ ਪੈਰ੍ਹੇ ਦੀ ਲਗਭੱਗ ਇੱਕ ਤਿਹਾਈ ਕਰਨੀ ਹੁੰਦੀ ਹੈ।
(xvi) ਨਸ਼ੇ ਦੀ ਅਲਾਮਤ ਸਮੁੱਚੇ ਦੇਸ਼ ਦੀ ਜਵਾਨੀ ਦੇ ਹੱਡਾਂ ਨੂੰ ਸਿਓਂਕ ਵਾਂਗ ਲੱਗ ਗਈ ਹੈ।
(xvii) 26 ਜਨਵਰੀ ਦਾ ਦਿਨ ਭਾਰਤ ਦੇ ਇਤਿਹਾਸ ਵਿੱਚ ਬੜੀ ਮਹੱਤਤਾ ਰੱਖਦਾ ਹੈ।
(xviii) ਅਖ਼ਬਾਰਾਂ ਉੱਪਰ ਖ਼ਰਚੇ ਪੈਸੇ ਫ਼ਜ਼ੂਲ ਜਾਂਦੇ ਹਨ।
(xix) ਅਖ਼ਬਾਰਾਂ ਮਨੁੱਖ ਦੀ ਵੱਧ ਤੋਂ ਵੱਧ ਜਾਣਨ ਦੀ ਰੁਚੀ ਨੂੰ ਸੰਤੁਸ਼ਟ ਕਰਦੀਆਂ ਹਨ।
(xx) ਵਰਤਮਾਨ ਯੁੱਗ ਵਿੱਚ ਵਿਗਿਆਨਕ ਕਾਢਾਂ ਨੇ ਸਾਡੇ ਜੀਵਨ ਵਿੱਚ ਬਹੁਪੱਖੀ ਤਬਦੀਲੀ ਲਿਆਉਂਦੀ ਹੈ।

ਉੱਤਰ-ਕੁੰਜੀ : 1. ਸਹੀ 2. ਗ਼ਲਤ 3. ਸਹੀ 4. ਗ਼ਲਤ 5. ਸਹੀ
6. ਗ਼ਲਤ 7. ਗ਼ਲਤ 8. ਸਹੀ 9. ਗ਼ਲਤ 10. ਸਹੀ
11. ਸਹੀ 12. ਗ਼ਲਤ 13. ਸਹੀ 14. ਗ਼ਲਤ 15. ਸਹੀ
16. ਸਹੀ 17. ਸਹੀ 18. ਗ਼ਲਤ 19. ਸਹੀ 20. ਸਹੀ

## ਵਾਕ ਪੂਰਾ ਕਰੋ –

(i) ਪਾਣੀ ਵਾਰ ਕੇ ............
(ii) ਪੈਰਾਂ ਹੇਠੋਂ ਜ਼ਮੀਨ ...............
(iii) ਬਲਦੀ ਉੱਤੇ ਤੇਲ ................
(iv) ਮੱਥੇ ਵੱਟ ...............
(v) ਰਾਈ ਦਾ ਪਹਾੜ...............
(vi) ਯੱਕੜ ............
(vii) ਰਫੂ-ਚੱਕਰ ਹੋ ...............
(viii) ਲੋਹਾ ਲਾਖਾ ................
(ix) ਹਵਾ ਦਾ ਰੁੱਖ ...............
(x) ਵਾਸਤੇ ...............
(xi) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਸਨ ............
(xii) ਨਸ਼ੇ-ਬੰਦੀ ਨਾਲ਼ ਧਰਤੀ ’ਤੇ ਜੀਵਨ ............
(xiii) ਗੈਰ-ਰਸਮੀ ਪੱਤਰ .........
(xiv) ਟੈਲੀਵਿਯਨ ਵਧੀਆ ਸਾਧਨ ਹੈ ......
(xv) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਸਨ .......
(xvi) ਲੰਮੀਆਂ ਤਾਣ ਕੇ ..................
(xvii) ਰਾਹ ................
(xviii) ਲੈਣੇ ਦੇ ਦੇਣੇ ਪੈ ..........
(xix) ਵਿਸ ................
(xx) ਲਾਹ-ਪਾਹ ..........

ਉੱਤਰ-ਕੁੰਜੀ : 1. ਪੀਣਾ 2. ਖਿਸਕਣਾ/ਨਿਕਲਣਾ 3. ਪਾਉਣਾ 4. ਪਾਉਣੇ 5. ਬਣਾਉਣਾ
6. ਮਾਰਨੇ 7. ਜਾਣਾ 8. ਹੋਣਾ 9. ਦੇਖਣਾ 10. ਪਾਉਣਾ
11. ਸ੍ਰੀ ਗੁਰੂ ਤੇਗ਼ ਬਹਾਦਰ ਜੀ 12. ਸਵਰਗ ਬਣ ਜਾਵੇਗਾ 13. ਨਿੱਜੀ ਹੁੰਦੇ ਹਨ
14. ਮਨੋਰੰਜਨ ਤੇ ਗਿਆਨ ਦਾ 15. ਅਜੀਤ ਸਿੰਘ ਅਤੇ ਜੁਝਾਰ ਸਿੰਘ 16. ਸੌਣਾ
17. ਤੱਕਣਾ 18. ਜਾਣੇ 19. ਘੋਲਣਾ 20. ਕਰਨੀ

## ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ –

(i) ਨਾਂਵ ਦੀ ਥਾਂ ਵਰਤੇ ਜਾਣ ਵਾਲ਼ੇ ਸ਼ਬਦ ਕਹਾਉਂਦੇ ਹਨ?
(ii) ਕੀ/ਕੌਣ /ਕਿਹੜਾ ਸ਼ਬਦ ਪੜਨਾਂਵ ਦੀ ਕਿਹੜੀ ਕਿਸਮ ਹੈ?
(iii) ਜਿਸ ਸ਼ਬਦ ਤੋਂ ਕਿਸੇ ਕੰਮ ਦੇ ਹੋਣ ਦਾ ਪਤਾ ਲੱਗੇ, ਹੁੰਦਾ ਹੈ?
(iv) 'ਬਹੁਤਾ ਤੇ ਥੋੜ੍ਹਾ' ਸ਼ਬਦ ਕਿਸ ਕਿਸਮ ਦੇ ਵਿਸ਼ੇਸ਼ਣ ਹਨ?
(v) 'ਰਾਮ ਪੜ੍ਹਦਾ ਹੈ' ਵਾਕ ਦੀ ਕਿਰਿਆ ਅਕਰਮਕ ਹੈ ਜਾਂ ਸਕਰਮਕ।
(vi) 'ਅੱਜ/ਕੱਲ੍ਹ/2020' ਸ਼ਬਦ ਕਿਸ ਪ੍ਰਕਾਰ ਦੇ ਕਿਰਿਆ-ਵਿਸ਼ੇਸ਼ਣ ਹਨ?
(vii) ਵਾਕ ਦੇ ਨਾਂਵਾਂ ਤੇ ਪੜਨਾਂਵਾਂ ਦਾ ਇੱਕ-ਦੂਜੇ ਤੇ ਹੋਰ ਸ਼ਬਦਾਂ ਨਾਲ਼ ਸੰਬੰਧ ਜੋੜਨ ਵਾਲ਼ੇ ਸ਼ਬਦ ਹੁੰਦੇ ਹਨ?
(viii) ਦੋ ਵਾਕਾਂ, ਦੋ ਵਾਕੰਸ਼ਾਂ ਜਾਂ ਦੋ ਸ਼ਬਦਾਂ ਨੂੰ ਆਪਸ ਵਿੱਚ ਜੋੜਨ ਵਾਲ਼ੇ ਸ਼ਬਦ ਹੁੰਦੇ ਹਨ?
(ix) ਕਾਲਵਾਚਕ ਕਿਰਿਆ-ਵਿਸ਼ੇਸ਼ਣ ਕੀ ਦੱਸਦੇ ਹਨ?
(x) ਮਨ ਦੀ ਖ਼ੁਸ਼ੀ, ਗ਼ਮੀ ਜਾਂ ਹੈਰਾਨੀ ਦੇ ਭਾਵ ਪ੍ਰਗਟ ਕਰਨ ਵਾਲ਼ੇ ਸ਼ਬਦ ਹੁੰਦੇ ਹਨ?
(xi) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਗੱਦੀ 'ਤੇ ਬੈਠਣ ਸਮੇਂ ਉੱਮਰ ਕਿੰਨੀ ਸੀ?
(xii) ਨਸ਼ੇ ਕਰਨ ਨਾਲ਼ ਫੇਫੜਿਆਂ ਦੀ ਕਿਹੜੀ ਭਿਆਨਕ ਬਿਮਾਰੀ ਲੱਗਣ ਦਾ ਖਤਰਾ ਹੁੰਦਾ ਹੈ?
(xiii) ਆਪਣੇ ਮਿੱਤਰ/ਸਹੇਲੀ ਨੂੰ ਪੱਤਰ ਲਿਖਣ ਸਮੇਂ ਕਿਹੜੇ ਸੰਬੋਧਨੀ ਸ਼ਬਦ ਦੀ ਵਰਤੋਂ ਕਰੋਗੇ?
(xiv) ਕੋਈ ਦੋ ਸੰਚਾਰ ਦੇ ਸਾਧਨਾਂ ਦੇ ਨਾਂ ਲਿਖੋ।
(xv) ਮੋਬਾਈਲ ਫ਼ੋਨ ਦੀ ਦੁਰਵਰਤੋਂ ਨਾਲ਼ ਕੀ ਨੁਕਸਾਨ ਹੁੰਦਾ ਹੈ?

ਉੱਤਰ-ਕੁੰਜੀ : 1. ਪੜਨਾਂਵ 2. ਪ੍ਰਸ਼ਨ ਵਾਚਕ 3. ਕਿਰਿਆ 4. ਪਰਿਮਾਣ ਵਾਚਕ 5. ਅਕਰਮਕ 6. ਕਾਲਵਾਚਕ 7. ਸੰਬੰਧਕ 8. ਯੋਜਕ 9. ਕੰਮ ਦੇ ਹੋਣ ਦਾ ਸਮਾਂ 10. ਵਿਸਮਿਕ 11. ਨੌਂ ਸਾਲ 12. ਕੈਂਸਰ 13. ਪਿਆਰੇ ਮਿੱਤਰ/ਸਹੇਲੀ 14. ਮੋਬਾਈਲ/ਟੈਲੀਵਿਯਨ 15. ਸਮੇਂ ਦਾ ਨਾਸ਼ ਤੇ ਮਾਨਸਿਕ ਤਨਾਅ

ਤਿਆਰ ਕਰਤਾ –

1. ਡਾ. ਸਤਿੰਦਰ ਸਿੰਘ (ਪੰਜਾਬੀ ਮਾਸਟਰ)
   ਸਹਸ ਖ਼ੁਸ਼ੀਪੁਰ (ਜ਼ਿਲ੍ਹਾ ਗੁਰਦਾਸਪੁਰ)
2. ਸੁਰਿੰਦਰ ਮੋਹਨ (ਡੀ.ਐੱਮ. ਪੰਜਾਬੀ)
   ਜ਼ਿਲ੍ਹਾ ਗੁਰਦਾਸਪੁਰ।
3. ਸ਼੍ਰੀਮਤੀ ਨੀਟਾ ਭਾਟੀਆ (ਪੰਜਾਬੀ ਮਿਸਟ੍ਰੈੱਸ)
   ਸਕੰਸਸਸਸ ਕੈਂਪ ਬਟਾਲਾ (ਜ਼ਿਲ੍ਹਾ ਗੁਰਦਾਸਪੁਰ)

ਸੋਧ ਕਰਤਾ –

4. ਸ. ਜਸਪਾਲ ਸਿੰਘ (ਪੰਜਾਬੀ ਮਾਸਟਰ)
   ਸਹਸ ਧਰਮਕੋਟ ਬੱਗਾ।